# ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ
(ਰਜਿਸਟਰਾਰ ਦਫਤਰ)

## ਦਫਤਰੀ ਹੁਕਮ

ਵਿਸ਼ਾ: **ਸਾਲ 2018-19 ਵਿੱਚ ਗਰੁੱਪ-ਡੀ (ਦਰਜ਼ਾ-4) ਕਰਮਚਾਰੀਆਂ ਨੂੰ ਕਣਕ ਦੀ ਖਰੀਦ ਲਈ ਕਰਜ਼ਾ ਦੇਣ ਸਬੰਧੀ।**

ਉਪਰੋਕਤ ਵਿਸ਼ੇ ਅਤੇ ਪੰਜਾਬ ਸਰਕਾਰ, ਵਿੱਤ ਵਿਭਾਗ (ਕਰਜ਼ਾ ਸ਼ਾਖਾ) ਦੀ ਨੋਟੀਫਿਕੇਸ਼ਨ ਨੰ:ਵਿ:ਵਿ:ਕਰਜ਼ਾ-ਭ.ਅ.(ਕਰਜ਼ਾ)/ਪੀ.7/2018/3621 ਮਿਤੀ 20/04/2018 ਅਨੁਸਾਰ ਯੂਨੀਵਰਸਿਟੀ ਵਿੱਚ ਕੰਮ ਕਰਦੇ ਰੈਗੂਲਰ ਗਰੁੱਪ-ਡੀ (ਦਰਜ਼ਾ-4) ਕਰਮਚਾਰੀਆਂ ਨੂੰ ਕਣਕ ਦੀ ਖਰੀਦ ਲਈ ਸੂਦ ਰਹਿਤ 7,500/- ਰੁਪਏ (ਕੇਵਲ ਸੱਤ ਹਜ਼ਾਰ ਪੰਜ ਸੌ ਰੁਪਏ) ਸਾਲ 2018-19 ਵਿੱਚ ਬਤੌਰ ਕਰਜ਼ਾ ਦੇਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਦੀ ਵਸੂਲੀ 8 ਮਾਹਵਾਰ ਕਿਸ਼ਤਾਂ ਵਿੱਚ ਹੋਵੇਗੀ ਅਤੇ ਇਹ ਵਸੂਲੀ ਜੁਲਾਈ, 2018 ਮਹੀਨੇ ਤੋਂ ਸ਼ੁਰੂ ਕੀਤੀ ਜਾਵੇਗੀ।

ਜਿੱਥੇ ਕਿਸੇ ਪਰਿਵਾਰ ਦੇ ਇੱਕ ਤੋਂ ਜਿਆਦਾ ਮੈਂਬਰ ਯੂਨੀਵਰਸਿਟੀ ਦੀ ਸੇਵਾ ਵਿੱਚ ਹਨ ਤੇ ਇੱਕੋ ਥਾਂ ਰਹਿੰਦੇ ਹਨ, ਉੱਥੇ ਸਿਰਫ ਇੱਕੋ ਕਰਮਚਾਰੀ ਨੂੰ ਹੀ ਕਰਜਾ ਦਿੱਤਾ ਜਾਵੇਗਾ। ਇਸ ਬਾਰੇ ਸਬੰਧਤ ਕਰਮਚਾਰੀ ਨੂੰ ਨੱਥੀ ਅਨੁਲੱਗ 'ੳ' ਅਨੁਸਾਰ ਬਣਦਾ ਸਰਟੀਫਿਕੇਟ ਦੇਣਾ ਪਵੇਗਾ।

ਰਕਮ ਮਿਲਣ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਕਰਜ਼ਦਾਰ ਕਰਮਚਾਰੀ ਵਿੱਤ ਅਤੇ ਲੇਖਾ ਵਿਭਾਗ ਵਿਖੇ ਖਰੀਦੀ ਗਈ ਕਣਕ ਬਾਰੇ ਰਸੀਦ ਪੇਸ਼ ਕਰੇਗਾ। ਜੇਕਰ ਵਰਤੀ ਗਈ ਰਕਮ ਕਰਜੇ ਦੀ ਰਕਮ ਤੋਂ ਘੱਟ ਹੋਵੇ ਤਾਂ ਬਾਕੀ ਦੀ ਰਕਮ ਉਸ ਦੀ ਜੁਲਾਈ, 2018 ਦੀ ਤਨਖਾਹ ਵਿੱਚੋਂ ਕੱਟ ਲਈ ਜਾਵੇਗੀ।

(ਡਾ. ਅਮਨਪ੍ਰੀਤ ਸਿੰਘ)
ਰਜਿਸਟਰਾਰ

ਪਿੱਠ ਅੰ:ਨੰ: ਆਈ.ਕੇ.ਜੀ.ਪੀ.ਟੀ.ਯੂ./ਰਜਿ/ਦਹ/734-737 ਮਿਤੀ:27/04/2018

ਇਸ ਦਾ ਇੱਕ ਉਤਾਰਾ ਹੇਠ ਲਿਖੇ ਅਧਿਕਾਰੀਆਂ ਨੂੰ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਇੰਚਾਰਜ ਸਕੱਤਰੇਤ, ਉਪ ਕੁਲਪਤੀ ਦਫਤਰ: ਉਪ ਕੁਲਪਤੀ ਜੀ ਦੀ ਜਾਣਕਾਰੀ ਹਿੱਤ।
2. ਸਮੂਹ ਵਿਭਾਗ ਮੁੱਖੀ (ਟੀਚਿੰਗ ਅਤੇ ਨਾਨ ਟੀਚਿੰਗ): ਆਪਣੇ ਅਧੀਨ ਆਉਂਦੇ ਅਧਿਕਾਰੀਆਂ/ਕਰਮਚਾਰੀਆਂ ਦੀ ਸੂਚਨਾ ਹਿੱਤ।
3. ਡਿਪਟੀ ਰਜਿਸਟਰਾਰ (ਮਾਨਵ ਸ੍ਰੋਤ ਵਿਕਾਸ)
4. ਡਿਪਟੀ ਰਜਿਸਟਰਾਰ (ਆਈ.ਟੀ.ਐਸ): ਵੈਬਸਾਈਟ ਤੇ ਅਪਲੋਡ ਕਰਨ ਹਿੱਤ

27/4/18

(ਡਾ. ਅਮਨਪ੍ਰੀਤ ਸਿੰਘ)
ਰਜਿਸਟਰਾਰ

**ਅਨੁਲੱਗ 'ੳ'**

## ਸਰਟੀਫਿਕੇਟ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਸ਼੍ਰੀ/ਸ਼੍ਰੀਮਤੀ.......................................ਜੋ ਕਿ ਮੇਰੀ ਪਤਨੀ/ਪਰਿਵਾਰ ਦਾ ਮੈਂਬਰ ਹੈ ਤੇ ਮੇਰੇ ਨਾਲ ਰਹਿ ਰਿਹਾ/ਰਹੀ ਹੈ ................................ ਯੂਨੀਵਰਸਿਟੀ ਵਿੱਚ ਕੰਮ ਕਰ ਰਿਹਾ/ਰਹੀ ਹੈ, ਨੇ ਸਾਲ 2018-19 ਦੌਰਾਨ ਕਣਕ ਦੇ ਕਰਜੇ ਲਈ ਅਰਜ਼ੀ ਨਹੀ ਦਿੱਤੀ।

ਕਰਮਚਾਰੀ ਦੇ ਹਸਤਾਖਰ...........................

ਕਰਮਚਾਰੀ ਦਾ ਨਾਮ................................

ਕਰਮਚਾਰੀ ਦਾ ਅਹੁੱਦਾ.............................

## ਸਰਟੀਫਿਕੇਟ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਮੇਰੀ ਪਤਨੀ/ਪਤੀ/ ਮੇਰੇ ਪਰਿਵਾਰ ਦਾ ਕੋਈ ਮੈਂਬਰ, ਜੋ ਕਿ ਮੇਰੇ ਨਾਲ ਰਹਿ ਰਿਹਾ/ਰਹੀ ਹੈ, ਯੂਨੀਵਰਸਿਟੀ ਦਾ ਮੁਲਾਜ਼ਮ ਨਹੀ ਹੈ।

ਕਰਮਚਾਰੀ ਦੇ ਹਸਤਾਖਰ...........................

ਕਰਮਚਾਰੀ ਦਾ ਨਾਮ................................

ਕਰਮਚਾਰੀ ਦਾ ਅਹੁੱਦਾ.............................